28-Oct-3-Star.qxd 10/28/2025 8:45 PM Page 1







ਪੰਜਾਬ ਦੀ ਆਵਾਜ਼

# ਅਜੀਤ ®© ★★★

ਬਾਨੀ ਸੰਪਾਦਕ (ਸਵ:) ਡਾ. ਸਾਧੂ ਸਿੰਘ ਹਮਦਰਦ, ਬੁੱਧਵਾਰ, 29 ਅਕਤੂਬਰ, 2025 (Wednesday, 29 October, 2025) 13 ਕੱਤਕ ਨਾਨਕਸ਼ਾਹੀ ਸੰਮਤ 557 ਮੁੱਲ : 5.00 ਰੁਪਏ (Price ₹. 5.00)


AJIT (DAILY), CHANDIGARH, TRADEMARK AND COPYRIGHT SADHU SINGH HAMDARD TRUST, 2025. ALL RIGHTS RESERVED. ਜਲੰਧਰ, ਚੰਡੀਗੜ੍ਹ ਅਤੇ ਬਠਿੰਡਾ ਤੋਂ ਪ੍ਰਕਾਸ਼ਿਤ






ਪੋਸਟਲ ਰਜਿ: ਨੰ: PB/JL-138/2024-26 | ਜਿਲਦ 11, ਅੰਕ 298 Vol. 11, No. 298 | www.ajitjalandhar.com | www.ajittv.com | Facebook.com/dailyajit | Twitter.com/dailyajitnews | news@ajitpublications.com | ਫ਼ੋਨ : 0181-2455961-62-63, 5032400, ਫੈਕਸ : 2455960



ਕੈਬਨਿਟ ਮੰਤਰੀ ਅਸ਼ਵਨੀ ਵੈਸ਼ਨਵ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

## ਕੇਂਦਰ ਵਲੋਂ 8ਵੇਂ ਤਨਖ਼ਾਹ ਕਮਿਸ਼ਨ ਨੂੰ ਮਨਜ਼ੂਰੀ

### ਪਹਿਲੀ ਜਨਵਰੀ ਤੋਂ ਲਾਗੂ ਹੋ ਸਕਦਾ ਹੈ

ਨਵੀਂ ਦਿੱਲੀ, 28 ਅਕਤੂਬਰ (ਪੀ.ਟੀ.ਆਈ.)-ਕੇਂਦਰ ਸਰਕਾਰ ਨੇ ਅੱਜ 8ਵੇਂ ਤਨਖ਼ਾਹ ਕਮਿਸ਼ਨ ਦੀਆਂ ਸ਼ਰਤਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਕਮਿਸ਼ਨ ਦੀ ਅਗਵਾਈ ਸੁਪਰੀਮ ਕੋਰਟ ਦੀ ਸੇਵਾ ਮੁਕਤ ਜੱਜ ਰੰਜਨਾ ਪ੍ਰਕਾਸ਼ ਦੇਸਾਈ ਕਰਨਗੇ। ਪੈਨਲ ਦਾ ਫ਼ੈਸਲਾ 1 ਜਨਵਰੀ 2026 ਤੋਂ ਲਾਗੂ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਅੱਜ ਮੌਜੂਦਾ ਹਾੜ੍ਹੀ ਸੀਜ਼ਨ 2025-26 ਲਈ ਫਾਸਫੋਰਸ (ਪੀ) ਅਤੇ ਸਲਫਰ (ਐਸ) ਖਾਦਾਂ 'ਤੇ ਸਬਸਿਡੀ ਵਧਾ ਦਿੱਤੀ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨ ਲਈ 37,952 ਕਰੋੜ ਦੀ ਵਾਧੂ ਸਬਸਿਡੀ ਅਲਾਟ ਕੀਤੀ ਗਈ ਹੈ

**ਗੈਰ-ਯੂਰੀਆ ਖਾਦ ਸਬਸਿਡੀ ਵਧਾ ਕੇ 37,952 ਕਰੋੜ ਰੁਪਏ ਕੀਤੀ**

(ਬਾਕੀ ਸਫ਼ਾ 2 ਕਾਲਮ 2)

# ਨਵੇਂ ਬਿਲਡਿੰਗ ਬਾਇਲਾਜ਼ ਕੈਬਨਿਟ ਵਲੋਂ ਮਨਜ਼ੂਰ

- ਨਿਯਮਾਂ 'ਚ ਰਿਆਇਤ ਨਾਲ ਜਨਤਾ ਨੂੰ ਲੱਖਾਂ ਰੁਪਏ ਦੀ ਹੋਵੇਗੀ ਬੱਚਤ
- ਨਕਸ਼ੇ ਪਾਸ ਕਰਵਾਉਣ ਵਿਚ ਹੁਣ ਨਹੀਂ ਹੋਵੇਗਾ ਭ੍ਰਿਸ਼ਟਾਚਾਰ

ਚੰਡੀਗੜ੍ਹ, 28 ਅਕਤੂਬਰ (ਅਜੀਤ ਬਿਊਰੋ)-ਸ਼ਹਿਰੀ ਵਿਕਾਸ ਅਤੇ ਸਨਅਤੀਕਰਨ ਨੂੰ ਵੱਡਾ ਹੁਲਾਰਾ ਦੇਣ ਲਈ ਲੋਕ ਪੱਖੀ ਫ਼ੈਸਲਾ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ 'ਪੰਜਾਬ ਇਕਸਾਰ ਇਮਾਰਤੀ ਨਿਯਮ-2025 (ਪੰਜਾਬ ਯੂਨੀਫਾਈਡ ਬਿਲਡਿੰਗ ਰੂਲਜ਼, 2025) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਾਰੇ ਫ਼ੈਸਲਾ ਅੱਜ ਸਵੇਰੇ ਇੱਥੇ ਮੁੱਖ ਮੰਤਰੀ ਰਿਹਾਇਸ਼ 'ਤੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਲਿਆ ਗਿਆ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਐਕਟ ਦਾ ਉਦੇਸ਼ ਪੰਜਾਬ ਭਰ ਵਿਚ ਇਮਾਰਤ ਅਤੇ ਵਿਕਾਸ ਗਤੀਵਿਧੀਆਂ ਦੀ ਨਿਗਰਾਨੀ ਕਰਨ ਵਾਲਾ ਵਿਆਪਕ ਅਤੇ ਇਕਸਾਰ ਰੈਗੂਲੇਟਰੀ ਢਾਂਚਾ ਸਥਾਪਤ ਕਰਨਾ ਹੈ। ਇਹ ਨਿਯਮ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ 'ਤੇ ਬਰਾਬਰ ਲਾਗੂ ਹੁੰਦੇ ਹਨ ਜੋ ਪ੍ਰਵਾਨਗੀਆਂ ਅਤੇ ਲਾਗੂਕਰਨ ਵਿਚ ਇਕਸਾਰਤਾ ਲਿਆਉਣ ਅਤੇ ਪੇਚੀਦਗੀਆਂ ਦੂਰ ਕਰਨ ਨੂੰ ਯਕੀਨੀ ਬਣਾਉਂਦੇ ਹਨ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਵਿਚ ਸਿੰਗਲ ਯੂਨੀਫਾਈਡ ਫਰੇਮਵਰਕ (ਇਕੋ ਢਾਂਚੇ ਹੇਠ ਰਹਿ ਕੇ) ਵਿਚ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ, ਕਿਫਾਇਤੀ ਅਤੇ ਕਿਰਾਏ ਦੇ ਮਕਾਨ ਦੀਆਂ ਵਿਵਸਥਾਵਾਂ ਨੂੰ ਵੀ ਸ਼ਾਮਿਲ ਕਰਨਾ ਹੈ। ਸ਼ਹਿਰਾਂ ਦੀਆਂ ਆਧੁਨਿਕ ਜ਼ਰੂਰਤਾਂ ਅਨੁਸਾਰ ਮਿਕਸਡ ਲੈਂਡ ਯੂਜ਼ ਅਤੇ ਮਲਟੀ ਲੈਵਲ ਪਾਰਕਿੰਗ ਵਰਗੀਆਂ ਨਵੀਆਂ ਇਮਾਰਤੀ ਸ਼੍ਰੇਣੀਆਂ ਨੂੰ ਅਮਲ ਵਿਚ ਲਿਆਉਣਾ ਹੈ।

ਮੰਤਰੀ ਮੰਡਲ ਨੇ ਭਾਰਤੀ ਸਟੈਂਪ ਐਕਟ 1899 (ਪੰਜਾਬ) ਅਤੇ ਰਜਿਸਟ੍ਰੇਸ਼ਨ ਫੀਸ ਨਿਯਮਾਂ ਵਿਚ ਸੋਧ ਕਰਕੇ ਗਿਰਵੀਕਰਨ ਅਤੇ ਰਹਿਣਨਾਮੇ (ਹਾਈਪੋਥੀਸੇਸ਼ਨ ਐਂਡ ਇਕੁਟੇਬਲ ਮੌਰਟਗੇਜ) ਦੇ ਦਸਤਾਵੇਜ਼ਾਂ 'ਤੇ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਨੂੰ ਤਰਕਸੰਗਤ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕਦਮ ਉਦਯੋਗ 'ਤੇ ਵਿੱਤੀ ਬੋਝ ਘਟਾਉਣ ਦੇ ਉਦੇਸ਼ ਨਾਲ ਪ੍ਰਗਤੀਸ਼ੀਲ ਅਤੇ ਕਾਰੋਬਾਰ-ਪੱਖੀ ਪਹਿਲਕਦਮੀ ਹੈ। ਇਹ ਫ਼ੈਸਲਾ ਕਾਰੋਬਾਰ ਕਰਨ ਦੀ ਸੌਖ ਨੂੰ ਵੀ ਉਤਸ਼ਾਹਿਤ ਕਰਦਾ ਹੈ ਅਤੇ ਪੰਜਾਬ ਵਿਚ ਮੁਕਾਬਲੇਬਾਜ਼ੀ ਅਤੇ ਸਮੁੱਚੇ ਆਰਥਿਕ

(ਬਾਕੀ ਸਫ਼ਾ 2 ਕਾਲਮ 3)



ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦਾ ਦ੍ਰਿਸ਼।

### ਬਰਨਾਲਾ ਨਗਰ ਕੌਂਸਲ ਨੂੰ ਨਗਰ ਨਿਗਮ ਬਣਾਇਆ

ਮੰਤਰੀ ਮੰਡਲ ਨੇ ਮੌਜੂਦਾ ਨਗਰ ਕੌਂਸਲ, ਬਰਨਾਲਾ ਨੂੰ ਨਗਰ ਨਿਗਮ ਵਜੋਂ ਅਪਗ੍ਰੇਡ ਕਰਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ, ਜਿਸ ਨਾਲ ਯੋਜਨਾਬੱਧ ਸ਼ਹਿਰੀ ਵਿਕਾਸ, ਨਾਗਰਿਕ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਤੇਜ਼ੀ ਨਾਲ ਤਰੱਕੀ ਰਹੇ ਇਸ ਸ਼ਹਿਰ ਲਈ ਕੁਸ਼ਲ ਸ਼ਾਸਨ ਨੂੰ ਹੋਰ ਸਮਰੱਥ ਬਣਾਇਆ ਜਾ ਸਕੇਗਾ।

### ਸਬ-ਤਹਿਸੀਲ ਲੁਧਿਆਣਾ (ਉੱਤਰੀ) ਬਣਾਉਣ ਲਈ ਹਰੀ ਝੰਡੀ

ਮੰਤਰੀ ਮੰਡਲ ਨੇ ਜ਼ਿਲ੍ਹਾ ਲੁਧਿਆਣਾ ਦੇ ਸ਼ਹਿਰੀ ਖੇਤਰਾਂ ਵਿਚ ਪ੍ਰਸ਼ਾਸਕੀ ਕੁਸ਼ਲਤਾ ਅਤੇ ਜਨਤਕ ਸਹੂਲਤ ਵਿਚ ਸੁਧਾਰ ਲਈ ਸਬ-ਤਹਿਸੀਲ ਲੁਧਿਆਣਾ (ਉੱਤਰੀ) ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫ਼ੈਸਲਾ ਸ਼ਹਿਰ ਨਾਲ ਜੁੜੇ ਤੇਜ਼ੀ ਨਾਲ ਵਿਕਾਸ ਕਰ ਰਹੇ ਪਿੰਡਾਂ ਨੂੰ

(ਬਾਕੀ ਸਫ਼ਾ 2 ਕਾਲਮ 6)



ਮਾਸਕੋ ਵਿਖੇ ਐੱਸ ਜੇ-100 ਦੇ ਉਤਪਾਦਨ ਸੰਬੰਧੀ ਸਮਝੌਤੇ 'ਤੇ ਦਸਤਖ਼ਤ ਕਰਦੇ ਹੋਏ ਐੱਚ.ਐੱਲ.ਏ ਦੇ ਪ੍ਰਭਾਤ ਰੰਜਨ ਅਤੇ ਯੂ.ਏ.ਸੀ ਦੇ ਓਲੇਗ ਬੋਗੋਮੋਲੋਵ।

# ਹੁਣ ਦੇਸ਼ 'ਚ ਬਣਨਗੇ ਐਸ.ਜੇ-100 ਯਾਤਰੀ ਜਹਾਜ਼

ਨਵੀਂ ਦਿੱਲੀ, 28 ਅਕਤੂਬਰ (ਪੀ. ਟੀ. ਆਈ.)-ਭਾਰਤ ਅਤੇ ਰੂਸ ਨੇ ਦੋਵਾਂ ਦੇਸ਼ਾਂ ਦੇ ਦਰਮਿਆਨ ਵਧਦੇ ਰਾਜਨੀਤਕ ਸੰਬੰਧਾਂ ਦੇ ਅਨੁਸਾਰ ਘੱਟ ਦੂਰੀ ਦੀਆਂ ਉਡਾਣਾਂ ਦੇ ਲਈ ਇਕ ਦੂਹਰੇ ਇੰਜਣ ਵਾਲੇ ਤੰਗ ਬਾਡੀ ਵਾਲੇ ਮੁਸਾਫਿਰ ਜਹਾਜ਼ ਦੇ ਉਤਪਾਦਨ ਲਈ ਇਕ ਸੰਯੁਕਤ ਸਹਿਯੋਗ 'ਤੇ ਸਹਿਮਤੀ ਪ੍ਰਗਟ ਕੀਤੀ ਹੈ। ਇਹ ਛੋਟੇ ਸ਼ਹਿਰਾਂ ਦੀ ਹਵਾਈ ਕਨੈਕਟੀਵਿਟੀ ਦੇਣ ਵਾਲੀ ਉਡਾਨ ਸਕੀਮ ਦੇ ਲਈ ਗੇਮਚੇਂਜਰ ਸਾਬਿਤ ਹੋ ਸਕਦਾ ਹੈ। ਸਰਕਾਰੀ ਏਅਰੋਸਪੇਸ ਕੰਪਨੀ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਨੇ ਐੱਸ ਜੇ-100 ਜਹਾਜ਼ ਦੇ ਉਤਪਾਦਨ ਦੇ ਲਈ ਰੂਸ ਦੀ ਜਨਤਕ ਸੰਯੁਕਤ ਸਟਾਕ ਕੰਪਨੀ ਯੂਨਾਇਟਿਡ ਏਅਰਕ੍ਰਾਫਟ ਕਾਰਪੋਰੇਸ਼ਨ (ਪੀ ਜੇ ਐੱਸ ਸੀ -ਯੂ ਏ ਸੀ) ਦੇ ਨਾਲ ਇਕ ਸਮਝੌਤਾ ਕੀਤਾ ਹੈ। ਇਸ ਸਮਝੌਤੇ 'ਤੇ ਸੋਮਵਾਰ ਨੂੰ ਮਾਸਕੋ 'ਚ ਦਸਤਖ਼ਤ ਕੀਤੇ ਗਏ। ਇਹ ਭਾਰਤ 'ਚ ਮੁਸਾਫਿਰ ਜਹਾਜ਼ ਦੇ ਉਤਪਾਦਨ ਦੀ ਪਹਿਲੀ ਅਜਿਹੀ ਪਰਿਯੋਜਨਾ ਹੋਵੇਗੀ। ਇਸ ਸਮਝੌਤੇ 'ਤੇ ਐੱਚ ਏ ਐੱਲ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਡੀ ਕੇ ਸੁਨੀਲ ਅਤੇ ਪੀ ਜੇ ਐੱਸ ਸੀ ਦੇ ਮੈਨੇਜਿੰਗ ਡਾਇਰੈਕਟਰ ਵਾਦਿਮ ਬਦੇਖਾ ਦੀ ਹਾਜ਼ਰੀ 'ਚ ਦਸਤਖ਼ਤ ਕੀਤੇ ਗਏ। ਆਖਰੀ ਵਾਰ ਭਾਰਤ 'ਚ ਪੂਰਾ ਮੁਸਾਫਿਰ ਹਵਾਈ ਜਹਾਜ਼ ਬਣਾਉਣ ਦਾ ਪ੍ਰੋਜੈਕਟ 1961 ਤੋਂ 1998 ਤੱਕ ਚਲਿਆ ਸੀ। ਐੱਚ ਏ ਐੱਲ ਦੇ ਇਸ ਪ੍ਰੋਜੈਕਟ ਦਾ ਨਾਂਅ ਏਵਰੋ ਐੱਚ ਐੱਸ 748 ਸੀ। ਉਸ

**ਭਾਰਤ ਦਾ ਰੂਸ ਦੀ ਸਰਕਾਰੀ ਕੰਪਨੀ ਨਾਲ ਹੋਇਆ ਸਮਝੌਤਾ**

(ਬਾਕੀ ਸਫ਼ਾ 2 ਕਾਲਮ 1)



ਨਵੀਂ ਦਿੱਲੀ ਵਿਖੇ ਨਕਲੀ ਮੀਂਹ ਪਵਾਉਣ ਲਈ ਉੱਡਾਣ ਭਰ ਰਿਹਾ ਜਹਾਜ਼।

## ਦਿੱਲੀ 'ਚ 'ਕਲਾਊਡ ਸੀਡਿੰਗ'-4 ਘੰਟਿਆਂ ਬਾਅਦ ਵੀ ਬਾਰਿਸ਼ ਨਹੀਂ

### ਬੱਦਲਾਂ ਦੇ ਉੱਪਰ ਛਿੜਕਿਆ ਸੀ ਕੈਮੀਕਲ

ਨਵੀਂ ਦਿੱਲੀ, 28 ਅਕਤੂਬਰ (ਜਗਤਾਰ ਸਿੰਘ, ਪੀ.ਟੀ.ਆਈ.)-ਦਿੱਲੀ 'ਚ ਪ੍ਰਦੂਸ਼ਣ ਨੂੰ ਘੱਟ ਕਰਨ ਲਈ 'ਕਲਾਊਡ ਸੀਡਿੰਗ' ਦਾ ਦੂਸਰਾ ਟਰਾਇਲ ਅੱਜ ਕੀਤਾ ਗਿਆ। ਪਹਿਲਾ ਟੈਸਟ 23 ਅਕਤੂਬਰ ਨੂੰ ਕੀਤਾ ਗਿਆ ਸੀ। ਦੀਵਾਲੀ ਤੋਂ ਬਾਅਦ ਲਗਾਤਾਰ ਹਵਾ ਗੁਣਵੱਤਾ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ। ਰਾਜਧਾਨੀ ਦੀ ਹਵਾ ਦੀ ਗੁਣਵੱਤਾ 'ਬੇਹੱਦ ਖ਼ਰਾਬ' ਸ਼੍ਰੇਣੀ ਵਿਚ ਦਾਖ਼ਲ ਹੋ ਗਈ ਹੈ। ਇਸ ਲਈ ਕਾਨਪੁਰ ਤੋਂ ਵਿਸ਼ੇਸ਼ ਜਹਾਜ਼ 'ਸੇਸਨਾ' ਨੇ ਉੱਡਾਣ ਭਰੀ ਸੀ। ਜਹਾਜ਼ ਨੇ ਖੇਕੜਾ, ਬੁਰਾੜੀ, ਮਿਊਰ ਵਿਹਾਰ ਇਲਾਕੇ 'ਚ 6 ਹਜ਼ਾਰ ਫੁੱਟ ਉੱਚਾਈ 'ਤੇ ਬੱਦਲਾਂ 'ਚ ਦੁਪਹਿਰ 2 ਵਜੇ ਕੈਮੀਕਲ ਛਿੜਕਿਆ ਸੀ। ਆਈ.ਆਈ. ਟੀ. ਕਾਨਪੁਰ ਅਤੇ ਦਿੱਲੀ ਸਰਕਾਰ ਨੇ ਦੱਸਿਆ ਕਿ ਟਰਾਇਲ ਦੇ 4

**ਪ੍ਰਯੋਗ ਸਫ਼ਲ ਰਿਹਾ ਤਾਂ ਦਿੱਲੀ ਦੀ ਹਵਾ ਨੂੰ ਸਾਫ਼ ਕਰਨ ਵਾਸਤੇ ਇਸ ਨੂੰ ਜਾਰੀ ਰੱਖਾਂਗੇ-ਸਿਰਸਾ**

(ਬਾਕੀ ਸਫ਼ਾ 2 ਕਾਲਮ 7)

### ਦਿੱਲੀ 'ਚ ਪਹਿਲੀ ਤੋਂ ਸਿਰਫ਼ ਬੀ.ਐਸ. VI ਵਪਾਰਕ ਵਾਹਨਾਂ ਨੂੰ ਹੀ ਮਿਲੇਗੀ ਇਜਾਜ਼ਤ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)-ਦਿੱਲੀ ਵਿਚ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਵੱਡਾ ਅਤੇ ਸਖ਼ਤ ਕਦਮ ਉਠਾਇਆ ਗਿਆ ਹੈ। ਇਕ ਨਵੰਬਰ ਤੋਂ ਗ਼ੈਰ-ਬੀ.ਐਸ.-VI ਮਾਨਕ ਵਾਲੇ ਵਪਾਰਕ ਵਾਹਨਾਂ ਨੂੰ ਦਿੱਲੀ ਵਿਚ ਦਾਖ਼ਲ ਹੋਣ 'ਤੇ ਪਾਬੰਦੀ ਲਗਾਈ ਜਾਵੇਗੀ। ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ (ਸੀ.ਏ.ਕਿਊ.ਐਮ.) ਨੇ ਇਹ ਵੱਡਾ ਫ਼ੈਸਲਾ ਲਿਆ ਹੈ। ਇਹ ਨਿਯਮ ਮੁੱਖ ਤੌਰ 'ਤੇ ਦਿੱਲੀ ਤੋਂ ਬਾਹਰ ਰਜਿਸਟਰਡ ਵਾਹਨਾਂ 'ਤੇ ਲਾਗੂ ਹੋਵੇਗਾ। ਬੀ.ਐਸ.-4 ਜਾਂ ਉਸ ਤੋਂ ਪੁਰਾਣੇ ਡੀਜ਼ਲ ਟਰੱਕ ਅਤੇ ਵਪਾਰਕ ਵਾਹਨਾਂ ਨੂੰ ਦਿੱਲੀ ਵਿਚ ਦਾਖ਼ਲ ਹੋਣ ਦੀ ਇਜਾਜ਼ਤ

(ਬਾਕੀ ਸਫ਼ਾ 2 ਕਾਲਮ 6)

## ਕੈਨੇਡਾ 'ਚ ਪੰਜਾਬੀ ਕਾਰੋਬਾਰੀ ਦੀ ਗੋਲੀਆਂ ਮਾਰ ਕੇ ਹੱਤਿਆ

ਐਬਟਸਫੋਰਡ, 28 ਅਕਤੂਬਰ (ਗੁਰਦੀਪ ਸਿੰਘ ਗਰੇਵਾਲ)-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਨਾਮਵਰ ਪੰਜਾਬੀ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੀ ਅੱਜ ਸਵੇਰੇ ਉਨ੍ਹਾਂ ਦੇ ਐਬਟਸਫੋਰਡ ਸਥਿਤ ਘਰ ਅੱਗੇ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ 68 ਵਰ੍ਹਿਆਂ ਦੇ ਸਨ। ਮਿਲੀ ਖ਼ਬਰ ਅਨੁਸਾਰ ਦਰਸ਼ਨ ਸਿੰਘ ਸਾਹਸੀ ਅੱਜ ਸਵੇਰੇ 9.16 ਵਜੇ ਐਬਟਸਫੋਰਡ ਦੀ ਰਿਜਵਿਊ ਡਰਾਈਵ 'ਤੇ ਸਥਿਤ ਆਪਣੇ ਘਰ ਦੇ ਡਰਾਈਵ ਵੇਅ 'ਚ ਖੜ੍ਹੇ ਪਿਕਅੱਪ ਟਰੱਕ 'ਚ ਬੈਠਣ ਲੱਗੇ ਤਾਂ ਹਮਲਾਵਰ ਨੇ ਉਨ੍ਹਾਂ ਉੱਪਰ ਗੋਲੀਆਂ ਚਲਾ ਦਿੱਤੀਆਂ। ਦੱਸਿਆ ਜਾਂਦਾ ਹੈ ਕਿ ਦਰਸ਼ਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਿਲ੍ਹਾ ਲੁਧਿਆਣਾ ਦੇ ਦੋਰਾਹਾ ਨੇੜਲੇ ਪਿੰਡ ਰਾਜਗੜ੍ਹ ਦੇ ਜੰਮਪਲ ਦਰਸ਼ਨ ਸਿੰਘ ਸਾਹਸੀ ਦਾ ਕੈਨੇਡਾ, ਅਮਰੀਕਾ ਤੇ ਭਾਰਤ 'ਚ ਕੱਪੜਿਆਂ ਦੀ ਰੀਸਾਈਕਲਿੰਗ ਤੇ ਹੋਟਲ ਕਾਰੋਬਾਰ ਹੈ। ਉਹ ਬਹੁਤ ਹੀ ਨਿਮਰ ਸੁਭਾਅ ਵਾਲੇ ਮਿਲਣਸਾਰ ਇਨਸਾਨ ਸਨ। ਪੁਲਿਸ ਕਾਤਲਾਂ ਦੀ



(ਬਾਕੀ ਸਫ਼ਾ 2 ਕਾਲਮ 1)

### ਦਿੱਲੀ ਹਵਾਈ ਅੱਡੇ 'ਤੇ ਖੜ੍ਹੀ ਬੱਸ ਨੂੰ ਲੱਗੀ ਭਿਆਨਕ ਅੱਗ

ਨਵੀਂ ਦਿੱਲੀ, 28 ਅਕਤੂਬਰ (ਮਿਸਰਦੀਪ ਭਾਟੀਆ)-ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਏਅਰ ਪੋਰਟ ਦੇ ਟਰਮੀਨਲ3 'ਤੇ ਖੜ੍ਹੀ ਬੱਸ ਨੂੰ ਭਿਆਨਕ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਡੀ.ਸੀ.ਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਘਟਨਾ ਦੁਪਹਿਰ ਨੂੰ ਉਸ ਸਮੇਂ ਵਾਪਰੀ ਜਦੋਂ ਬੱਸ ਇਕ ਜਹਾਜ਼ ਦੇ ਸਾਹਮਣੇ ਖੜ੍ਹੀ ਸੀ, ਇਸ ਦੌਰਾਨ ਬੱਸ 'ਚ ਡਰਾਈਵਰ ਤੋਂ ਇਲਾਵਾ ਕੋਈ ਵੀ ਮੁਸਾਫ਼ਰ ਅਤੇ ਸਮਾਨ

(ਬਾਕੀ ਸਫ਼ਾ 2 ਕਾਲਮ 7)



ਲਖਨਊ ਵਿਖੇ ਸਮਾਗਮ ਦੌਰਾਨ ਹਾਜ਼ਰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਹੋਰ।

## ਭਾਰਤ ਦੀ ਸਦੀਵੀ ਵਿਰਾਸਤ 'ਚ ਸਿੱਖ ਗੁਰੂਆਂ ਦਾ ਯੋਗਦਾਨ ਅਭੁੱਲਣਯੋਗ ਹੈ-ਯੋਗੀ ਆਦਿੱਤਿਆਨਾਥ

ਲਖਨਊ, 28 ਅਕਤੂਬਰ (ਪੀ.ਟੀ.ਆਈ.)-ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਅੱਜ ਕਿਹਾ ਕਿ ਭਾਰਤ ਦੀ ਸਦੀਵੀ ਵਿਰਾਸਤ 'ਚ ਸਿੱਖ ਗੁਰੂਆਂ ਦਾ ਯੋਗਦਾਨ ਅਭੁੱਲ ਹੈ। ਉਨ੍ਹਾਂ ਨੇ ਲਖਨਊ 'ਚ 'ਚਰਨ ਸੁਹਾਵੇ ਗੁਰੂ ਚਰਨ ਯਾਤਰਾ' ਜਿਸ ਵਿਚ ਗੁਰੂ ਸਾਹਿਬ ਦੇ ਪਵਿੱਤਰ 'ਜੋੜੇ ਸਾਹਿਬ' ਵੀ ਹਨ ਦਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ। ਇਹ ਯਾਤਰਾ ਸਿੱਖ ਭਾਈਚਾਰੇ ਦੇ ਵਿਸ਼ਵਾਸ ਦਾ ਇਕ ਡੂੰਘਾ ਪ੍ਰਤੀਕ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਤਿਕਾਰਯੋਗ ਜੋੜਾ ਸਾਹਿਬ ਅਤੇ ਮਾਤਾ ਸਾਹਿਬ ਕੌਰ ਨਾਲ ਜੁੜੀ ਹੋਈ ਹੈ, ਜਿਸ ਨੂੰ ਸਿੱਖ ਸ਼ਰਧਾ ਦੇ ਸਭ ਤੋਂ ਪਵਿੱਤਰ ਪ੍ਰਤੀਕਾਂ 'ਚੋਂ ਇਕ ਮੰਨਿਆ ਜਾਂਦਾ ਹੈ। ਸਮਾਗਮ ਦੌਰਾਨ ਮੁੱਖ ਮੰਤਰੀ ਆਦਿੱਤਿਆਨਾਥ ਨੇ ਕਿਹਾ ਕਿ ਗੁਰੂ ਪਰੰਪਰਾ ਨੇ ਭਾਰਤ ਨੂੰ ਨਾ ਸਿਰਫ਼ ਵਿਸ਼ਵਾਸ ਦਿੱਤਾ ਹੈ, ਸਗੋਂ ਸੇਵਾ, ਕੁਰਬਾਨੀ ਅਤੇ ਰਾਸ਼ਟਰੀ ਰੱਖਿਆ ਦੇ ਆਦਰਸ਼ ਵੀ ਦਿੱਤੇ

**'ਚਰਨ ਸੁਹਾਵੇ ਗੁਰੂ ਚਰਨ ਯਾਤਰਾ' ਦਾ ਲਖਨਊ 'ਚ ਭਰਵਾਂ ਸਵਾਗਤ**

(ਬਾਕੀ ਸਫ਼ਾ 2 ਕਾਲਮ 1)

### ਸੁਪਰੀਮ ਕੋਰਟ ਵਲੋਂ ਮਾਨਸਿਕ ਸਿਹਤ ਸੰਭਾਲ ਐਕਟ ਬਾਰੇ ਪਟੀਸ਼ਨ ਐਨ. ਐੱਚ. ਆਰ. ਸੀ. ਨੂੰ ਤਬਦੀਲ

ਨਵੀਂ ਦਿੱਲੀ, 28 ਅਕਤੂਬਰ (ਜਗਤਾਰ ਸਿੰਘ)-ਸੁਪਰੀਮ ਕੋਰਟ ਨੇ ਮਾਨਸਿਕ ਬਿਮਾਰੀਆਂ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਅਤੇ ਜ਼ਰੂਰਤਾਂ ਦੀ ਰੱਖਿਆ ਲਈ 2017 ਦੇ ਕਾਨੂੰਨ ਨੂੰ ਲਾਗੂ ਕਰਨ ਦੀ ਮੰਗ ਕਰਨ ਵਾਲੀ ਇਕ ਜਨਹਿਤ ਪਟੀਸ਼ਨ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐੱਚ.ਆਰ.ਸੀ.) ਨੂੰ ਤਬਦੀਲ ਕਰ ਦਿੱਤਾ ਅਤੇ ਉਸ ਨੂੰ ਮਾਮਲੇ ਦੀ ਨਿਗਰਾਨੀ ਕਰਨ ਲਈ ਆਖਿਆ ਹੈ। ਜਸਟਿਸ ਪੀ.ਐੱਸ. ਨਰਸਿਮ੍ਹਾ ਅਤੇ ਆਰ. ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵਕੀਲ ਗੌਰਵ ਕੁਮਾਰ ਬਾਂਸਲ ਦੁਆਰਾ 2018 ਵਿਚ ਦਾਇਰ ਪਟੀਸ਼ਨ 'ਤੇ ਗ਼ੌਰ

(ਬਾਕੀ ਸਫ਼ਾ 2 ਕਾਲਮ 6)

## ਗ਼ਲਤ ਐਫ਼.ਆਈ.ਆਰ. ਦਰਜ ਕਰਨ ਦੇ ਮਾਮਲੇ 'ਚ ਐਸ.ਟੀ.ਐਫ਼. ਦਾ ਸਾਬਕਾ ਏ.ਆਈ.ਜੀ. ਗ੍ਰਿਫ਼ਤਾਰ

ਜਲੰਧਰ, 28 ਅਕਤੂਬਰ (ਐੱਮ. ਐੱਸ. ਲੋਹੀਆ)-ਪੰਜਾਬ ਪੁਲਿਸ ਨੇ ਸਾਲ 2019 ਦੇ ਦਰਜ ਇਕ ਝੂਠੇ ਮੁਕੱਦਮੇ ਦੇ ਮਾਮਲੇ 'ਚ ਆਪਣੇ ਹੀ ਸਾਬਕਾ ਏ.ਆਈ.ਜੀ. ਰਛਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਦਾ ਜਲਦ ਹੀ ਡੀ.ਜੀ.ਪੀ. ਵਲੋਂ ਖੁਲਾਸਾ ਕੀਤੇ ਜਾਣ ਦੀ ਸੰਭਾਵਨਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵੱਖ-ਵੱਖ ਜ਼ਿਲ੍ਹਿਆਂ 'ਚ ਬਤੌਰ ਐਸ.ਐਸ.ਪੀ. ਸੇਵਾਵਾਂ ਨਿਭਾਅ ਚੁੱਕੇ ਅਤੇ ਐੱਸ.ਟੀ.ਐੱਫ਼. ਦੇ ਏ.ਆਈ.ਜੀ. ਵਜੋਂ ਸੇਵਾਵਾਂ ਨਿਭਾਉਣ ਦੌਰਾਨ ਰਛਪਾਲ ਸਿੰਘ ਵਲੋਂ ਸਾਲ 2019 'ਚ ਆਪਣੇ ਹੋਰ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ ਇਕ ਵਿਅਕਤੀ ਖ਼ਿਲਾਫ਼ 200 ਗ੍ਰਾਮ ਨਸ਼ੀਲੇ ਪਦਾਰਥ ਦਾ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਸੀ। ਪੀੜਤ ਵਲੋਂ ਇਸ ਮਾਮਲੇ ਦੀ ਪੁਲਿਸ ਵਿਭਾਗ ਅਤੇ ਸਰਕਾਰ ਅੱਗੇ ਸ਼ਿਕਾਇਤ ਦਿੱਤੀ ਗਈ ਤਾਂ ਡੀ.ਜੀ.ਪੀ. ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰਵਾਈ ਗਈ। ਇਸ ਮਾਮਲੇ 'ਚ ਪੁਲਿਸ ਦੇ ਆਈ.ਜੀ. ਰੈਂਕ ਦੇ ਕਈ ਅਧਿਕਾਰੀਆਂ ਵਲੋਂ ਕਈ ਵਾਰ ਜਾਂਚ ਕੀਤੀ ਗਈ ਅਤੇ ਬਹੁਤ ਵਾਰ ਇਸ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਵੀ ਕੀਤਾ ਗਿਆ। ਵਿਸ਼ੇਸ਼ ਜਾਂਚ ਟੀਮਾਂ ਵਲੋਂ ਮਾਮਲੇ ਦੀ ਸੱਚਾਈ ਨੂੰ ਸਾਹਮਣੇ ਲਿਆਉਣ 'ਤੇ ਅੱਜ ਜਲੰਧਰ ਏ.ਐਨ.ਟੀ.ਐੱਫ਼. ਦੇ ਏ.ਆਈ.ਜੀ. ਜਗਜੀਤ ਸਿੰਘ ਸਰੋਆ ਦੀ ਟੀਮ ਨੇ ਬਿਆਸ ਨੇੜੇ ਕਾਰਵਾਈ ਕਰਦੇ ਹੋਏ ਅੰਮ੍ਰਿਤਸਰ ਤੋਂ ਜਲੰਧਰ



ਸਾਬਕਾ ਏ.ਆਈ.ਜੀ. ਰਛਪਾਲ ਸਿੰਘ ਦੀ ਪੁਰਾਣੀ ਤਸਵੀਰ।

(ਬਾਕੀ ਸਫ਼ਾ 2 ਕਾਲਮ 8)

## ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਦੇ ਤਿੰਨ ਕਾਰਕੁੰਨ ਗ੍ਰਿਫ਼ਤਾਰ

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਲੁਧਿਆਣਾ ਪੁਲਿਸ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ. ਦੇ ਤਿੰਨ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਹੈਂਡ ਗਰਨੇਡ ਅਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਹਾਲ ਦੀ ਘੜੀ ਇਸ ਮਾਮਲੇ ਵਿਚ ਲੁਧਿਆਣਾ ਪੁਲਿਸ ਦਾ ਕੋਈ ਵੀ ਅਧਿਕਾਰੀ ਅਧਿਕਾਰਤ ਤੌਰ 'ਤੇ ਇਸ ਸਬੰਧੀ ਕੁੱਝ ਵੀ ਦੱਸਣ ਤੋਂ ਇਨਕਾਰ ਕਰ ਰਿਹਾ ਹੈ, ਪਰ ਸੂਤਰਾਂ ਅਨੁਸਾਰ ਪੁਲਿਸ ਵਲੋਂ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਵਿਚ ਕੁਲਦੀਪ ਸਿੰਘ ਪੁੱਤਰ ਜਸਪਾਲ ਸਿੰਘ, ਰਮਨੀਕ ਸਿੰਘ ਉਰਫ ਅਮਰੀਕ ਸਿੰਘ ਵਾਸੀ ਮੁਕਤਸਰ, ਪਰਵਿੰਦਰ ਸਿੰਘ ਉਰਫ ਚਿੜੀ ਵਾਸੀ ਪਿੰਡ ਪਨੀਵਾਲਾ ਮੁਕਤਸਰ ਸ਼ਾਮਿਲ ਹਨ, ਜਦਕਿ ਇਹਨਾਂ ਦੇ ਦੋ ਸਾਥੀ ਸ਼ੇਖਰ ਸਿੰਘ ਵਾਸੀ ਮੁਕਤਸਰ ਅਤੇ ਅਜੇ ਵਾਸੀ ਬਧਾਈਆਂ ਅਜੇ ਫ਼ਰਾਰ ਹਨ।

**ਹੈਂਡ ਗਰਨੇਡ ਅਤੇ ਹੋਰ ਸਾਮਾਨ ਬਰਾਮਦ**

(ਬਾਕੀ ਸਫ਼ਾ 2 ਕਾਲਮ 4)

## 'ਆਪ' ਵਿਧਾਇਕ ਲਾਲਪੁਰਾ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ-ਸਜ਼ਾ 'ਤੇ ਰੋਕ ਤੋਂ ਇਨਕਾਰ

### ਮੈਂਬਰਸ਼ਿਪ ਹੋ ਸਕਦੀ ਹੈ ਰੱਦ

ਚੰਡੀਗੜ੍ਹ, 28 ਅਕਤੂਬਰ (ਸੰਦੀਪ ਕੁਮਾਰ ਮਾਹਨਾ)-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਅੱਜ ਵੱਡਾ ਝਟਕਾ ਦਿੰਦਿਆਂ ਉਨ੍ਹਾਂ ਦੀ ਸਜ਼ਾ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਫ਼ੈਸਲੇ ਨਾਲ ਹੁਣ ਉਨ੍ਹਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਖ਼ਤਰੇ 'ਚ ਆ ਗਈ ਹੈ ਅਤੇ ਪੰਜਾਬ 'ਚ ਇਕ ਹੋਰ ਜ਼ਿਮਨੀ ਚੋਣ ਹੋਣ ਦੀ ਸੰਭਾਵਨਾ ਵੱਧ ਗਈ ਹੈ। 'ਆਪ' ਵਿਧਾਇਕ ਲਾਲਪੁਰਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਜੇਕਰ ਸਜ਼ਾ 'ਤੇ ਰੋਕ ਨਹੀਂ ਲਗਾਈ ਜਾਂਦੀ, ਤਾਂ ਉਨ੍ਹਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਆਪਣੇ ਆਪ ਰੱਦ ਹੋ ਸਕਦੀ ਹੈ, ਜਿਸ ਨਾਲ ਹਲਕੇ 'ਚ ਨਵੀਆਂ ਚੋਣਾਂ ਦੀ ਲੋੜ ਪਵੇਗੀ। ਅਦਾਲਤ ਨੇ ਕਿਹਾ ਕਿ ਕਿਉਂਕਿ ਉਨ੍ਹਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕਰਨ ਲਈ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ, ਇਸ ਲਈ ਇਸ ਪੜਾਅ 'ਤੇ ਤੁਰੰਤ ਦਖ਼ਲ ਦੇਣ ਦੀ ਕੋਈ ਲੋੜ



(ਬਾਕੀ ਸਫ਼ਾ 2 ਕਾਲਮ 3)

## ਜੇਕਰ ਅਸੀਂ ਡਾਕਟਰਾਂ ਦਾ ਧਿਆਨ ਨਹੀਂ ਰੱਖਾਂਗੇ ਤਾਂ ਸਮਾਜ ਸਾਨੂੰ ਮੁਆਫ਼ ਨਹੀਂ ਕਰੇਗਾ-ਸੁਪਰੀਮ ਕੋਰਟ

ਨਵੀਂ ਦਿੱਲੀ, 28 ਅਕਤੂਬਰ (ਜਗਤਾਰ ਸਿੰਘ)-ਸੁਪਰੀਮ ਕੋਰਟ ਨੇ ਨਿੱਜੀ ਕਲੀਨਿਕਾਂ, ਡਿਸਪੈਂਸਰੀਆਂ ਅਤੇ ਗ਼ੈਰ-ਮਾਨਤਾ ਪ੍ਰਾਪਤ ਹਸਪਤਾਲਾਂ ਵਿਚ ਕੋਵਿਡ-19 ਨਾਲ ਲੜਦੇ ਹੋਏ ਜਾਨ ਗਵਾਉਣ ਵਾਲੇ ਡਾਕਟਰਾਂ ਅਤੇ ਸਿਹਤ ਸੰਭਾਲ ਮੁਲਾਜ਼ਮਾਂ ਨੂੰ ਬੀਮਾ ਪਾਲਿਸੀ ਵਿਚ ਸ਼ਾਮਿਲ ਨਾ ਕੀਤੇ ਜਾਣ ਦੇ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਨਿਆਂਪਾਲਿਕਾ ਡਾਕਟਰਾਂ ਦਾ ਧਿਆਨ ਨਹੀਂ ਰੱਖੇਗੀ ਅਤੇ ਉਨ੍ਹਾਂ ਦੇ ਨਾਲ ਖੜ੍ਹੀ ਨਹੀਂ ਹੋਵੇਗੀ ਤਾਂ ਸਮਾਜ ਉਸ ਨੂੰ ਮੁਆਫ਼ ਨਹੀਂ ਕਰੇਗਾ। ਜਸਟਿਸ ਪੀ.ਐੱਸ. ਨਰਸਿਮ੍ਹਾ ਅਤੇ ਆਰ.



(ਬਾਕੀ ਸਫ਼ਾ 2 ਕਾਲਮ 6)

## ਮਹਾਗਠਬੰਧਨ ਵਲੋਂ ਸਰਕਾਰੀ ਨੌਕਰੀ, ਮੁਫ਼ਤ ਬਿਜਲੀ, ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ ਦਾ ਵਾਅਦਾ

### ਬਿਹਾਰ ਚੋਣ ਲਈ ਜਾਰੀ ਕੀਤਾ ਮੈਨੀਫੈਸਟੋ

ਪਟਨਾ, 28 ਅਕਤੂਬਰ (ਪੀ. ਟੀ. ਆਈ.)-ਮਹਾਗਠਬੰਧਨ ਨੇ ਮੰਗਲਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਦੇ ਲਈ ਆਪਣਾ ਮੈਨੀਫੈਸਟੋ ਜਾਰੀ ਕੀਤਾ, ਜਿਸ ਵਿਚ ਹੋਰ ਗੱਲਾਂ ਤੋਂ ਇਲਾਵਾ, ਹਰ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ, ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ ਅਤੇ 200 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਵਾਅਦਾ ਕੀਤਾ ਗਿਆ ਹੈ। ਬੱਤੀ ਸਫਿਆਂ ਦਾ 'ਬਿਹਾਰ ਦਾ ਤੇਜਸਵੀ ਪ੍ਰਣ' (ਤੇਜਸਵੀ ਦਾ ਸੰਕਲਪ) ਇਕ ਭੀੜ ਭਰੀ ਕਾਨਫਰੰਸ 'ਚ ਜਾਰੀ ਕੀਤਾ ਗਿਆ, ਜਿਥੇ 35 ਸਾਲਾਂ ਦੇ ਰਾਜਦ ਆਗੂ ਆਪਣੇ ਮਹਾਗਠਬੰਧਨ ਦੇ ਸਹਿਯੋਗੀਆਂ ਦੇ ਨਾਲ ਸ਼ਾਮਿਲ ਹੋਏ। ਯਾਦਵ ਨੇ ਮੈਨੀਫੈਸਟੋ ਜਾਰੀ ਕਰਦਿਆਂ ਕਿਹਾ ਕਿ ਬਿਹਾਰ ਚੋਣਾਂ ਦੇ ਲਈ ਮਹਾਗਠਬੰਧਨ ਦੇ ਮੈਨੀਫੈਸਟੋ 'ਚ ਵਿਚ 25 ਮੁੱਖ ਨੁਕਤੇ ਹਨ ਜੋ ਵਿਵਹਾਰਕ ਹੱਲ ਯਕੀਨੀ ਬਣਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਬਿਹਾਰ 'ਚ ਮਹਾਗਠਬੰਧਨ ਦੀ ਸਰਕਾਰ ਬਣਨ ਦੇ 20 ਦਿਨਾਂ ਦੇ ਅੰਦਰ ਰੁਜ਼ਗਾਰ ਦੀ ਗਰੰਟੀ ਵਾਲਾ ਇਕ ਨਵਾਂ ਕਾਨੂੰਨ ਪੇਸ਼ ਕੀਤਾ ਜਾਵੇਗਾ ਤੇ ਪੂਰੇ ਬਿਹਾਰ 'ਚ ਰੁਜ਼ਗਾਰ ਗਰੰਟੀ ਯੋਜਨਾ ਲਾਗੂ ਕੀਤੀ ਜਾਵੇਗੀ। ਮੈਨੀਫੈਸਟੋ ਵਿੱਚ ਕਿਹਾ ਗਿਆ ਹੈ ਕਿ ਬਿਹਾਰ ਸਰਕਾਰ ਦੇ ਸਾਰੇ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਥਾਈ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸਾਰੀਆਂ 'ਜੀਵਿਕਾ ਦੀਦੀਆਂ' ਨੂੰ ਸਥਾਈ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ 30,000 ਦੀ ਮਹੀਨਾਵਾਰ ਤਨਖਾਹ ਦਿੱਤੀ ਜਾਵੇਗੀ। ਮੈਨੀਫੈਸਟੋ 'ਚ ਆਈ. ਟੀ. ਪਾਰਕ, ਵਿਸ਼ੇਸ਼ ਆਰਥਿਕ ਜ਼ੋਨ, ਡੇਅਰੀ ਅਤੇ ਖੇਤੀਬਾੜੀ-ਅਧਾਰਿਤ ਉਦਯੋਗ, ਇਕ ਸਿੱਖਿਆ ਸ਼ਹਿਰ ਅਤੇ ਰਾਜ ਵਿੱਚ ਪੰਜ ਨਵੇਂ ਐਕਸਪ੍ਰੈਸਵੇਅ ਬਣਾਉਣ ਦਾ ਵੀ ਵਾਅਦਾ ਕੀਤਾ ਗਿਆ ਹੈ। ਯਾਦਵ ਨੇ ਕਿਹਾ ਕਿ ਬਿਹਾਰ ਦੇ ਲੋਕ ਅਪਰਾਧ-ਮੁਕਤ ਅਤੇ ਘੁਟਾਲਾ-ਮੁਕਤ ਸ਼ਾਸਨ ਚਾਹੁੰਦੇ ਹਨ, ਉਹ ਚੋਣਾਂ ਵਿੱਚ ਐੱਨ ਡੀ ਏ ਨੂੰ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਲੋਕ ਇਕ ਅਜਿਹੀ ਸਰਕਾਰ ਚਾਹੁੰਦੇ ਹਨ ਜੋ 'ਪਧਾਈ' (ਬਿਹਤਰ ਸਿੱਖਿਆ), 'ਦਵਾਈ' (ਬਿਹਤਰ ਸਿਹਤ ਸੰਭਾਲ), 'ਮਾਈ' (ਰੁਜ਼ਗਾਰ), ਅਤੇ 'ਸਿੰਚਾਈ' (ਬਿਹਤਰ ਸਿੰਚਾਈ ਸਹੂਲਤਾਂ) ਪ੍ਰਦਾਨ ਕਰੇ। ਉਨ੍ਹਾਂ ਦੋਸ਼ ਲਗਾਇਆ ਕਿ



ਪਟਨਾ ਵਿਖੇ ਰਾਜਦ ਆਗੂ ਤੇਜਸਵੀ ਯਾਦਵ, ਕਾਂਗਰਸ ਆਗੂ ਪਵਨ ਖੇੜਾ, ਸੀਪੀਆਈ-ਐੱਮ ਐੱਲ ਜਨਰਲ ਸਕੱਤਰ ਦਿਪਾਂਕਰ ਭੱਟਾਚਾਰੀ, ਵੀ.ਆਈ.ਪੀ ਮੁਖੀ ਮੁਕੇਸ਼ ਸਾਹਨੀ ਮਹਾਗਠਬੰਧਨ ਦਾ ਚੋਣ ਮੈਨੀਫੈਸਟੋ ਜਾਰੀ ਕਰਦੇ ਹੋਏ।

(ਬਾਕੀ ਸਫ਼ਾ 2 ਕਾਲਮ 6)

## ਚੋਣ ਕਮਿਸ਼ਨ ਵਲੋਂ ਪ੍ਰਸ਼ਾਂਤ ਕਿਸ਼ੋਰ ਨੂੰ ਨੋਟਿਸ

### ਬਿਹਾਰ ਤੇ ਬੰਗਾਲ ਦੀਆਂ ਵੋਟਰ ਸੂਚੀਆਂ 'ਚ ਨਾਂਅ ਹੋਣ 'ਤੇ ਮੰਗਿਆ ਜਵਾਬ

ਪਟਨਾ/ਕੋਲਕਾਤਾ, 28 ਅਕਤੂਬਰ (ਪੀ.ਟੀ.ਆਈ.)-ਚੋਣ ਕਮਿਸ਼ਨ ਨੇ ਜਨ ਸੁਰਾਜ ਪਾਰਟੀ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਨੂੰ ਦੋ ਵੋਟਰ ਕਾਰਡ ਹੋਣ ਦੇ ਮਾਮਲੇ 'ਚ ਨੋਟਿਸ ਜਾਰੀ ਕੀਤਾ ਹੈ ਅਤੇ ਤਿੰਨ ਦਿਨਾਂ 'ਚ ਜਵਾਬ ਮੰਗਿਆ ਹੈ। ਪ੍ਰਸ਼ਾਂਤ ਕਿਸ਼ੋਰ ਨੂੰ ਉਨ੍ਹਾਂ ਦੇ ਗ੍ਰਹਿ ਰਾਜ ਬਿਹਾਰ ਅਤੇ ਗੁਆਂਢੀ ਪੱਛਮੀ ਬੰਗਾਲ 'ਚ ਕਥਿਤ ਤੌਰ 'ਤੇ ਵੋਟਰ ਦੇ ਰੂਪ 'ਚ ਉਨ੍ਹਾਂ ਦਾ ਨਾਂਅ ਦਰਜ ਹੋਣ 'ਤੇ ਨੋਟਿਸ ਜਾਰੀ ਕੀਤਾ ਗਿਆ। ਇਹ ਨੋਟਿਸ ਬਿਹਾਰ ਦੇ ਰੋਹਤਾਸ ਜ਼ਿਲ੍ਹਾ ਦਫ਼ਤਰ ਵਲੋਂ ਜਾਰੀ ਕੀਤਾ ਗਿਆ ਹੈ, ਜਿਥੇ ਕਿਸ਼ੋਰ ਕਰਗਹਾਰ



(ਬਾਕੀ ਸਫ਼ਾ 2 ਕਾਲਮ 1)

CMYK